ਭਾਰਿਬੈਂ/2007-08/75

ਡੀਜੀਬੀਏ.ਸੀਡੀਡੀ. ਨੰ: ਐਚ-......../13.01.299/2007-08

2 ਜੁਲਾਈ, 2007

11 ਆਸਾੜ, 1929 (ਸ਼ਕ)

*ਪ੍ਰਧਾਨ / ਪ੍ਰਬੰਧ ਨਿਦੇਸ਼ਕ*

*ਭਾਰਤੀ ਸਟੇਟ ਬੈਂਕ ਅਤੇ ਸਹਾਇਕ ਬੈਂਕ*

*17 ਰਾਸ਼ਟਰੀ ਬੈਂਕ ਆਈਸੀਆਈਸੀਆਈ ਬੈਂਕ ਲਿ./*

*ਆਈ.ਡੀ.ਬੀ.ਆਈ. ਲਿ. / ਐਚਡੀਐਫਸੀ ਬੈਂਕ ਲਿ. /*

*ਯੂਟੀਆਈ ਬੈਂਕ ਲਿ. ਅਤੇ ਸਟਾਕ ਹੋਲਡਿੰਗ ਕਾਰਪੋਰੇਸ਼ਨ ਆਫ਼ ਇੰਡੀਆ ਲਿ.*

ਸ਼੍ਰੀਮਾਨ ਜੀ

*ਰਾਹਤ/ਬਚਤ ਬਾਂਡਾਂ ਵਿਚ ਨਾਮਜ਼ਦਗੀ ਸੁਵਿਧਾ ਤੇ ਪ੍ਰਮੁੱਖ ਸਰਕੂਲਰ*

ਸਰਕਾਰੀ ਅਤੇ ਬੈਂਕ ਲੇਖਾ ਵਿਭਾਗ, ਕੇਂਦਰੀ ਦਫ਼ਤਰ, ਭਾਰਤੀ ਰਿਜ਼ਰਵ ਬੈਂਕ ਵਲੋਂ ਸਮੇਂ ਸਮੇਂ ਤੇ ਰਾਹਤ/ਬਚਤ ਬਾਂਡ ਧਾਰਕਾਂ ਦੇ ਲਈ ਨਾਮਜ਼ਦਗੀ ਸੁਵਿਧਾ ਸਬੰਧੀ ਹਦਾਇਤਾਂ ਜਾਰੀ ਕੀਤੇ ਜਾਂਦੇ ਰਹੇ ਹਨ /- ਉਪਰੋਕਤ ਵਿਸ਼ੇ ਸਬੰਧੀ ਵਰਤਮਾਨ ਵਿਚ ਲਾਗੂ ਹਦਾਇਤਾਂ ਨੂੰ ਇਕ ਹੀ ਥਾਂ ਤੇ ਦਫ਼ਤਰਾਂ/ ਏਜੰਸੀ ਬੈਂਕਾਂ ਨੂੰ ਉਪਲਬੱਧ ਕਰਵਾਉਣ ਦੇ ਮਨੋਰਥ ਨਾਲ ਰਾਹਤ /ਬਚਤ ਬਾਂਡਾਂ ਵਿਚ ਨਾਮਜ਼ਦਗੀ ਸੁਵਿਧਾ ਸਬੰਧੀ ਇਕ ਪ੍ਰਮੁੱਖ ਸਰਕੂਲਰ ਤਿਆਰ ਕੀਤਾ ਗਿਆ ਹੈ, ਜੋ ਇਸ ਦੇ ਨਾਲ

ਨੱਥੀ ਹੈ। ਤੁਸੀਂ ਸਾਡੀ ਵੈਬੱਸਾਈਟ *www.rbi.org.in* ਤੇ ਵੀ ਇਸ ਸਰਕੂਲਰ ਨੂੰ ਪ੍ਰਾਪਤ ਕਰ ਸਕਦੇ ਹੋ।

ਕਿਰਪਾ ਕਰਕੇ ਪਹੁੰਚ ਦਿਉ।

ਹਿਤੂ,

(*ਬੀ. ਕੇ. ਮਿਸ਼ਰਾ*)

ਮਹਾਂਪ੍ਰਬੰਧਕ

78486(1)

ਨੰ: 75

# ਪ੍ਰਮੁੱਖ ਸਰਕੂਲਰ

## ਰਾਹਤ / ਬਚਤ ਬਾਂਡ ਧਾਰਕਾਂ ਦੇ ਲਈ

## ਨਾਮਜ਼ਦਗੀ ਦੀ ਸੁਵਿਧਾ

ਭਾਰਤੀ ਰਿਜ਼ਰਵ ਬੈਂਕ

ਸਰਕਾਰੀ ਅਤੇ ਬੈਂਕ ਲੇਖਾ ਵਿਭਾਗ

ਕੇਂਦਰੀ ਕਰਜ਼ਾ ਸ਼ਾਖਾ

ਕੇਂਦਰੀ ਦਫ਼ਤਰ, ਮੁੰਬਈ

# ਪ੍ਰਮੁੱਖ ਸਰਕੂਲਰ

## ਰਾਹਤ / ਬਚਤ ਬਾਂਡ ਯੋਜਨਾ ਨਾਮਜ਼ਦਗੀ ਸੁਵਿਧਾ

i) ਸਟਾਕ ਪ੍ਰਮਾਣ-ਪੱਤਰ / ਬਾਂਡ ਲੈਜਰ ਖ਼ਾਤਾ (ਬੀਐਲਏ) ਦੇ ਰੂਪ ਵਿਚ ਕਿਸੀ ਬਾਂਡ ਦਾ ਇਕੱਲਾ ਧਾਰਕ ਜਾਂ ਇਕੱਲਾ ਉੱਤਰਜੀਵੀ, ਇਕ ਜਾਂ ਇਕ ਤੋਂ ਵੱਧ ਵਿਅਕਤੀ ਦੀ ਨਾਮਜ਼ਦਗੀ ਕਰ ਸਕਦਾ ਹੈ, ਜੋ ਧਾਰਕ ਦੀ ਮੌਤ ਹੋਣ ਤੇ ਬਾਂਡ ਅਤੇ ਉਸ ਦਾ ਭੁਗਤਾਨ ਪ੍ਰਾਪਤ ਕਰਨ ਲਈ ਯੋਗ ਹੋਵੇਗਾ, ਬਸ਼ਰਤੇ ਨਾਮਜ਼ਦ ਵਿਅਕਤੀ ਜਾਂ ਨਾਮਜ਼ਦ ਵਿਅਕਤੀਆਂ ਵਿਚੋਂ ਹਰੇਕ ਵਿਅਕਤੀ ਉਸ ਵਰਗਾ ਬਾਂਡ ਧਾਰਣ ਕਰਨ ਲਈ ਆਪ ਸਮਰੱਥ ਹੋਵੇ।

ii) ਬਾਂਡ ਦੀ ਪਰਪੱਕਤਾ ਤੋਂ ਪਹਿਲਾਂ ਨਾਮਜ਼ਦਗੀ ਕੀਤੀ ਜਾਣੀ ਚਾਹੀਦੀ ਹੈ।

iii) ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਵਿਚੋਂ ਕਿਸੀ ਇਕ ਦੀ ਮੌਤ ਹੋਣ ਤੇ ਉੱਤਰਜੀਵੀ ਨਾਮਜ਼ਦ ਵਿਅਕਤੀ / ਵਿਅਕਤੀਆਂ ਨੂੰ ਬਾਂਡਾਂ ਦਾ ਹੱਕ ਮਿਲੇਗਾ।

iv) ਬਾਂਡ ਲੈਜਰ ਖ਼ਾਤੇ ਦੇ ਧਾਰਕ ਵਲੋਂ ਕੀਤੀ ਗਈ ਕਿਸੇ ਵੀ ਨਾਮਜ਼ਦਗੀ ਨੂੰ ਬਦਲਿਆ ਜਾ ਸਕਦਾ ਹੈ, ਜਿਸ ਦੇ ਲਈ ਨਵਾਂ ਨਾਮਜ਼ਦਗੀ ਭਰਕੇ ਦੇਣਾ ਹੋਵੇਗਾ ਜਾਂ ਉਸ ਨੂੰ ਰੱਦ ਕੀਤਾ ਜਾ ਸਕਦਾ ਹੈ ਜਿਸ ਦੇ ਲਈ ਭਾਰਤੀ ਰਿਜ਼ਰਵ ਬੈਂਕ / ਅਧਿਕਾਰਤ ਸਰਕਾਰੀ / ਨਿੱਜੀ ਖੇਤਰ ਦੇ ਬੈਂਕ ਦੀ ਪਦਨਾਮਿਤ ਸ਼ਾਖਾ ਨੂੰ ਲਿਖਤੀ ਨੋਟਿਸ ਦੇਣਾ ਹੋਵੇਗਾ।

v) ਜੇਕਰ ਨਾਮਜ਼ਦ ਵਿਅਕਤੀ ਨਾਬਾਲਗ ਹੈ ਤਾਂ ਬਾਂਡ ਲੈਜਰ ਖ਼ਾਤੇ ਦਾ ਧਾਰਕ ਜ਼ਰੂਰ ਨਾਬਾਲਗ ਨਾਮਜ਼ਦ ਵਿਅਕਤੀ ਦੀ ਮੌਤ, ਨਾਬਾਲਗਤਾ ਦੇ ਦੌਰਾਨ ਧਾਰਕ ਦੀ ਮੌਤ, ਦੀ ਦਸ਼ਾ ਵਿਚ ਦੇਣਯੋਗ ਬਾਂਡ/ ਰਾਸ਼ੀਆਂ ਪ੍ਰਾਪਤ ਕਰਨ ਲਈ ਕਿਸੀ ਵੀ ਵਿਅਕਤੀ ਨੂੰ ਨਿਯੁਕਤ ਕਰ ਸਕਦਾ ਹੈ।

(ਐਮਓਪੀ ਪੰਨਾ ਨੰ: 3 ਦਾ ਹਵਾਲਾ)

vi) ਬੀ ਐਲ ਏ ਖ਼ਾਤੇ ਵਿਚ ਰੱਖੀ ਹਰੇਕ ਜਮ੍ਹਾਂ ਰਾਸ਼ੀ ਦੇ ਲਈ ਬੇਸ਼ਕ ਜਮ੍ਹਾਂ ਰਾਸ਼ੀ ਪਹਿਲਾਂ ਦੀ ਅਵਧੀ ਨਾਲ ਸਬੰਧਤ ਕਿਉਂ ਨਾ ਹੋਵੇ, ਬੀ ਐਲ ਏ ਦੇ ਧਾਰਕ ਵਖ਼ਰੇ ਤੌਰ ਤੇ ਨਾਮਜ਼ਦਗੀ ਕਰ ਸਕਦੇ ਹਨ।

(ਹਵਾਲਾ ਸੀਓ. ਡੀ.ਟੀ. 13.01.201/4854/ 2000-01 ਮਿਤੀ 19.03.2001)

vii) ਦਫ਼ਤਰ / ਏਜੰਸੀ ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਨਾਮਜ਼ਦਗੀ ਦੀ ਪਹੁੰਚ ਰਸੀਦ ਜਾਰੀ ਕਰਨ।

(ਹਵਾਲਾ ਸੀਓ. ਡੀ.ਟੀ. 13.01.201 / 4087 / 2000-2001 ਮਿਤੀ 16.02.2001)

viii) 6.5 ਪ੍ਰਤੀਸ਼ਤ ਬਚਤ ਬਾਂਡ, 2003 (ਕਰ ਮੁਕਤ) ਅਤੇ 8 ਪ੍ਰਤੀਸ਼ਤ ਬਚਤ (ਕਰ ਯੋਗ) ਬਾਂਡ, 2003 ਦੇ ਮਾਮਲਿਆਂ ਵਿਚ, ਬਾਂਡਾਂ ਵਿਚ ਕੀਤੇ ਗਏ ਨਿਵੇਸ਼ ਲਈ ਵਿਆਜ / ਛੋਟ ਮੁੱਲ ਦੀ ਪ੍ਰਾਪਤੀ ਲਈ ਇਕੱਲੇ ਧਾਰਕ ਆਪਣੇ ਨਾਮਜ਼ਦ ਵਿਅਕਤੀ ਦੇ ਰੂਪ ਵਿਚ ਕਿਸੀ ਅਨਿਵਾਸੀ ਭਾਰਤੀ ਨੂੰ ਨਾਮਜ਼ਦ ਕਰ ਸਕਦੇ ਹਨ। ਵਿਆਜ ਭੁਗਤਾਨ ਅਤੇ / ਜਾਂ ਪਰਪੱਕਤਾ ਮੁੱਲ ਜਿਵੇਂ ਵੀ ਮਾਮਲਾ ਹੋਵੇ, ਦੇ ਨਿਵੇਸ਼ ਵਿਪ੍ਰੇਸ਼ਣ ਕਰਨ ਦੇ ਸਬੰਧੀ ਅਨਿਵਾਸੀ ਭਾਰਤੀ ਤੇ ਆਮ ਵਿਨਿਯਮ ਜੋ ਉਨ੍ਹਾਂ ਤੇ ਲਾਗੂ ਹੁੰਦੇ ਹਨ, ਲਾਗੂ ਹੋਣਗੇ।

(ਹਵਾਲਾ ਸੀਓ.ਡੀਟੀ. 13.01.298/ਐਚ-3410/2003-04 ਮਿਤੀ 20.12.2003)

(ਹਵਾਲਾ ਸੀਓ.ਡੀਟੀ. 13.01.299/ਐਚ-3426/2003-04 ਮਿਤੀ 20.12.2003)

(ਹਵਾਲਾ ਸੀਓ.ਡੀਟੀ. 13.01.298/ਐਚ-4911ਏ/2003-04 ਮਿਤੀ 9.3.2004)

ਅਪਵਾਦ - ਹੇਠ-ਲਿਖੇ ਮਾਮਲਿਆਂ ਵਿਚ ਕਿਸੀ ਤਰ੍ਹਾਂ ਦੀ ਨਾਮਜ਼ਦਗੀ ਦੀ ਇਜਾਜ਼ਤ ਨਹੀਂ ਹੈ :

(ੳ) ਜਦੋਂ ਨਾਬਾਲਗ ਵਲੋਂ ਕਿਸੀ ਬਾਲਗ ਦੁਆਰਾ ਪ੍ਰਮਾਣ-ਪੱਤਰ / ਬੀਐਲਏ ਧਾਰਣ ਕੀਤੇ ਗਏ ਹੋਣ ।

(ਅ) ਜਦੋਂ ਧਾਰਕ ਦਾ ਕੋਈ ਲਾਭਦਾਇਕ ਹਿਤ ਪ੍ਰਮਾਣ-ਪੱਤਰ ਵਿਚ ਨਾ ਹੋਵੇ ਅਤੇ ਉਹ ਉਸ ਨੂੰ ਅਧਿਕਾਰਤ ਸਮਰੱਥਾ ਵਿਚ ਜਾਂ ਨਿਆਸਧਾਰੀ ਦੀ ਸਮਰੱਥਾ ਵਿਚ ਧਾਰਣ ਕਰਦਾ ਹੋਵੇ ਅਤੇ;

(ੲ) ਜਦੋਂ ਪ੍ਰਮਾਣ-ਪੱਤਰ ਨੂੰ ਸੰਯੁਕਤ ਰੂਪ ਵਿਚ ਦੋ ਵਿਅਕਤੀਆਂ ਦੁਆਰਾ ਧਾਰਣ ਕੀਤਾ ਗਿਆਹੋਵੇ ਅਤੇ ਦੋਨੋਂ ਹੀ ਧਾਰਕ ਜੀਵਿਤ ਹੋਣ।

**(ਹਵਾਲਾ ਸਰਕਾਰੀ ਪ੍ਰਤਿਭੂਤੀ ਮੈਨੂਅਲ ਦਾ ਪੈਰਾ 112 ਪੰਨਾ 95)**

**ਨਾਮਜ਼ਦਗੀ ਰੱਦ ਕਰਨਾ :** ਹੇਠ-ਲਿਖੀਆਂ ਪਰਿਸਥਿਤੀਆਂ ਵਿਚ ਬਚਤ ਬਾਂਡ ਲਈ ਕੀਤੀ ਗਈ ਨਾਮਜ਼ਦਗੀ ਰੱਦ ਮੰਨੀ ਜਾਵੇਗੀ :

(ੳ) ਜੇਕਰ ਧਾਰਕ ਪ੍ਰਤਿਸਥਾਪਨ ਜਾਂ ਰੱਦ ਕਰਨ ਦੇ ਲਈ ਦਫ਼ਤਰ ਵਿਚ ਪ੍ਰਤੀਬੇਨਤੀ ਕਰਦਾ ਹੋਵੇ ਅਤੇ ਦਫ਼ਤਰ ਵਲੋਂ ਪ੍ਰਤਿਸਥਾਪਨ ਜਾਂ ਰੱਦ ਕਰਨਾ ਰਜਿਸਟਰਡ ਕੀਤਾ ਜਾਂਦਾ ਹੋਵੇ।

(ਅ) ਜੇਕਰ ਧਾਰਕ ਦੁਆਰਾ ਪ੍ਰਮਾਣ-ਪੱਤਰਾਂ ਦਾ ਅੰਤਰਣ ਕੀਤਾ ਜਾਂਦਾ ਹੋਵੇ **(ਹਵਾਲਾ ਸਰਕਾਰੀ ਪ੍ਰਤਿਭੂਤੀ ਮੈਨੂਅਲ ਦਾ ਪੈਰਾ 113- ਪੰਨਾ 96)**

*ਜੇਕਰ ਕਿਸੀ ਵਿਸ਼ੇਸ਼ ਮਾਮਲਿਆਂ ਵਿਚ ਵਿਸਥਾਰਪੂਰਵਕ ਸਪੱਸ਼ਟੀਕਰਨ ਦੀ ਜ਼ਰੂਰਤ ਹੋਵੇ ਤਾਂ ਉਪਰ ਲਿਖੇ ਸਰਕੂਲਰਾਂ ਨੂੰ ਵਾਚੋ।*